# 8
# ਯਿਸੂ: ਸਾਡਾ ਛੁਡਾਉਣ ਵਾਲਾ

ਯਿਸੂ ਦੇ ਪ੍ਰਾਸਚਿਤ (atonement) ਦੀ ਕਹਾਣੀ ਵਿਚ ਦਿਲਾਂ ਨੂੰ ਮੋਮ ਕਰਨ ਅਤੇ ਪਾਪੀਆਂ ਨੂੰ ਯਿਸੂ ਲਈ ਜੀਣ ਵਾਸਤੇ ਮਜਬੂਰ ਕਰਨ ਦੀ ਸ਼ਕਤੀ ਹੈ। ਐਨਾ ਅਹਿਮ ਵਿਸ਼ਾ ਕੋਈ ਹੋਰ ਕਿਵੇਂ ਹੋ ਸਕਦਾ ਹੈ?

ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ ''atone''[1] ਦਾ ਅਰਥ ਸੁਧਾਰ ਕਰਨਾ, ਮਸਲੇ ਦਾ ਹੱਲ ਕਰਨਾ ਜਾਂ ਜਿਸ ਨਾਲ ਜ਼ਿਆਦਤੀ ਹੋਈ ਹੋਵੇ ਉਹਦੀ ਸੰਤੁਸ਼ਟੀ ਕਰਨਾ ਹੈ, ਜਿਸ ਨਾਲ ਵੱਖ ਹੋਏ ਦੋ ਜਣੇ ''ਇਕ'' ਹੋ ਜਾਣ। ਮੂਸਾ ਦੇ ਦੋ ਲੜ ਰਹੇ ਬੰਦਿਆਂ ਵਿਚ ''ਮੇਲ ਕਰਾਉਣ'' (ਰਸੂਲਾਂ ਦੇ ਕੰਮ 7:26) ਲਈ ਅੰਗ੍ਰੇਜ਼ੀ ਸ਼ਬਦ ''atonement'' ਮੂਲ ਵਿਚ ''*at one* ment'' ਹੈ ਜਿਹਦਾ ਅਰਥ ਸਮਝੌਤਾ, ਸੰਧੀ ਜਾਂ ਮੇਲ ਹੈ।

ਅੰਗ੍ਰੇਜ਼ੀ ਦੇ KJV ਅਨੁਵਾਦ ਦੇ ਨਵੇਂ ਨੇਮ ਵਿਚ ''atonement'' (ਰੋਮੀਆਂ 5:11) ਸ਼ਬਦ ਆਉਣ ਦੇ ਜ਼ਿੰਮੇਵਾਰ ਯੂਨਾਨੀ ਸ਼ਬਦ[2] ਦਾ ਮੂਲ ਅਰਥ ਸਿੱਕਿਆਂ ਵਾਂਗ ਬਰਾਬਰ ਦਾ ਮੁੱਲ ਤੈਅ ਕਰਨਾ ਹੈ। ਸਹੀ ਤੈਅ ਕਰਨ ਨਾਲ ਹਿਸਾਬ ਠੀਕ ਹੁੰਦਾ ਹੈ, ਹੱਲ ਹੋ ਜਾਂਦਾ ਹੈ ਅਤੇ ਘਾਟੇ ਦੀ ਪੂਰਤੀ ਵੀ ਹੋ ਜਾਂਦੀ ਹੈ।

ਇਬਰਾਨੀ ਸ਼ਬਦ[3] ਦੇ ਅਨੁਵਾਦ ''atonement'' ਦਾ ਮੂਲ ਅਰਥ ਹੈ ''ਢੱਕਣਾ'' ਉਸ ਦਾ ਬਿਆਨ ਕਰਦਾ ਹੈ ਜੋ ਨੂਹ ਨੇ ਜਹਾਜ਼ 'ਤੇ ਲਾਇਆ ਸੀ। ਇਹ ਏਸਾਓ ਨੂੰ ਸ਼ਾਂਤ ਕਰਨ ਲਈ ਭੇਜੀ ਯਾਕੂਬ ਦੇ ਤੋਹਫ਼ੇ ਦਾ ਬਿਆਨ ਵੀ ਕਰਦਾ ਹੈ। ''ਇਹ ਭੇਂਟ ਜੋ ਮੇਰੇ ਅੱਗੇ-ਅੱਗੇ ਜਾਂਦੀ ਹੈ, ਉਹਦੇ ਵੱਲੋਂ ਮੈਂ ਉਹਦੇ ਕ੍ਰੋਧ ਨੂੰ ਸ਼ਾਂਤ ਕਰ [ਉਹਦਾ ਮੂੰਹ ਢੱਕ] ਕੇ ਉਹਦਾ ਦਰਸ਼ਨ ਕਰਾਂਗਾ'' (ਉਤਪਤ 32:20)। ਇਸ ਸ਼ਬਦ ਦਾ ਅਰਥ ਹੁਣ ''ਪਾਪ ਲਈ ਢੱਕਣਾ, ਸੰਤੁਸ਼ਟ, ਸ਼ਾਂਤੀ, ਪ੍ਰਾਸਚਿਤ'' ਹੋ ਗਿਆ ਹੈ।

ਯੂਨਾਨੀ ਸ਼ਬਦਾਂ[4] ਤੋਂ ਮਿਲੇ ਸ਼ਬਦ ਪਾਪ ਦਾ ਅਰਥ ਹੈ ''ਨਿਸ਼ਾਨੇ ਤੋਂ ਖੁੰਝਣਾ'' (ਜਿਵੇਂ ਤੀਰ ਅੰਦਾਜ਼ੀ ਵਿਚ) ਅਰਥਾਤ ਪਰਮੇਸ਼ੁਰ ਦੇ ਸਾਹਮਣੇ ਗ਼ਲਤ ਹੋਣਾ ਅਤੇ ਦੋਸ਼ੀ ਠਹਿਰਨਾ। ਕਿਉਂਕਿ ਖ਼ੁਦਾ ਪਾਪ ਨੂੰ ਬ੍ਰਦਾਸ਼ਤ ਨਹੀਂ ਕਰ ਸਕਦਾ (ਵਿਵਸਥਾਸਾਰ 32:3,4; ਹੱਬਕੂਕ 1:13; ਯੂਹੰਨਾ 8:21), ਇਸ ਕਰਕੇ ਉਹਦੇ ਲਈ ਪਾਪੀਆਂ ਨੂੰ ਅਦਨ ਵਿੱਚੋਂ ਕੱਢਣਾ ਜ਼ਰੂਰੀ ਹੋ ਗਿਆ ਸੀ। ਆਪਣੇ ਸਿਰਜਣਹਾਰ ਤੋਂ ਮਨੁੱਖ ਦੀ ਦੂਰੀ ਦਾ ਕਾਰਣ ਪਾਪ ਹੀ ਸੀ। ਪਾਪ ਸੁਰਗ ਵਿਚ ਵੜ ਨਹੀਂ ਸਕਦਾ (ਯੂਹੰਨਾ 8:21, 24; ਪ੍ਰਕਾਸ਼ ਦੀ ਪੋਥੀ 21:27)। ਇਸ ਕਰਕੇ ਸੰਸਾਰ ਦੀ ਸਭ ਤੋਂ ਵੱਡੀ ਮੁਸ਼ਕਿਲ ਮੇਲ, ਸੰਤੁਸ਼ਟੀ, ਪ੍ਰਾਸਚਿਤ ਹੀ ਸੀ ਜਿਸ ਨਾਲ ਪਾਪੀ ਲੋਕ ਸੁਰਗ ਵਿਚ ਉਹਦੀ ਹਜ਼ੂਰੀ ਵਿਚ ਆ ਸਕਦੇ ਹਨ।

## ਛੁਟਕਾਰਾ ਲਾਜ਼ਮੀ ਹੈ

ਇਕੱਲੇ ਆਦਮ ਅਤੇ ਹੱਵ੍ਹਾ ਨੇ ਹੀ ਖ਼ੁਦਾ ਦੇ ਖ਼ਿਲਾਫ਼ ਪਾਪ ਨਹੀਂ ਕੀਤਾ ਸੀ। ਦੂਸਰਾ ਹਰ

ਬੰਦਾ ਜਿਹਨੂੰ ਆਪਣੇ ਦਿਮਾਗ ਦੀ ਵਰਤੋਂ ਕਰਨ ਦਾ ਹੱਕ ਹੈ, ਅਤੇ ਜੋ ਸਹੀ ਅਤੇ ਗ਼ਲਤ ਦੀ ਚੋਣ ਕਰਨ ਦੇ ਯੋਗ ਹੈ (''ਹਰ ਤਰ੍ਹਾਂ ਦਾ ਕੁਧਰਮ ਤਾਂ ਪਾਪ ਹੈ''; 1 ਯੂਹੰਨਾ 5:17)। ਸਭ ਲੋਕ ਪਰਮੇਸ਼ੁਰ ਦੇ ਪ੍ਰਤਾਪ ਤੋਂ ਰਹਿ ਗਏ ਹਨ (ਰੋਮੀਆਂ 3:23)। ਯਿਸੂ ਦੇ ਸਿਵਾਏ ਕੋਈ ਵੀ ਇਹ ਚੁਣੌਤੀ ਨਹੀਂ ਦੇ ਸਕਿਆ ਕਿ ''ਤੁਹਾਡੇ ਵਿੱਚੋਂ ਕੌਣ ਮੈਨੂੰ ਪਾਪੀ ਠਹਿਰਾਉਂਦਾ ਹੈ?'' (ਯੂਹੰਨਾ 8:46)।

ਮਨੁੱਖ ਦੀ ਇੰਨੀ ਤਰੱਕੀ ਦੇ ਬਾਵਜੂਦ ਵੀ ਤਿੰਨ ਹਜ਼ਾਰ ਸਾਲ ਪੁਰਾਣੇ ਸਵਾਲ ਦਾ ਅਜੇ ਵੀ ਜਵਾਬ ਨਾਂਹ ਵਿਚ ਹੀ ਹੈ ਕਿ ''ਕੌਣ ਕਹਿ ਸਕਦਾ ਹੈ ਕਿ ਮੈਂ ਆਪਣੇ ਦਿਲ ਨੂੰ ਪਵਿੱਤਰ ਕੀਤਾ: ਅਰਥਾਤ ਮੈਂ ਪਾਪ ਤੋਂ ਸ਼ੁੱਧ ਹੋ ਗਿਆ ਹਾਂ?'' (ਕਹਾਉਤਾਂ 20:9)। ਯਿਸੂ ਤੋਂ ਛੁੱਟ ਹੋਰ ਕੋਈ ਅਜਿਹਾ ਦਾਅਵਾ ਨਹੀਂ ਕਰ ਸਕਦਾ। ਪਾਪ ਦੀ ਵਿਸ਼ਵਵਿਆਪਕਤਾ ਦਿਖਾਉਂਦੀ ਹੈ ਕਿ ਸੀਮਿਤ ਪ੍ਰਾਸਚਿਤ ਦੀ ਸਿੱਖਿਆ ਸੱਚਾਈ ਦੇ ਸਾਹਮਣੇ ਘਟ ਜਾਂਦੀ ਹੈ। ਵਿਸ਼ਵਵਿਆਪੀ ਪਾਪ ਦੇ ਖ਼ਿਲਾਫ਼ ਵਿਸ਼ਵਵਿਆਪੀ ਪ੍ਰਾਸਚਿਤ ਹੀ ਅਸਰਦਾਇਕ ਹੋ ਸਕਦਾ ਹੈ। ਜੇ ਪਰਮੇਸ਼ੁਰ ਪੱਖਪਾਤ ਨਹੀਂ ਕਰਦਾ ਹੈ (ਰਸੂਲਾਂ ਦੇ ਕੰਮ 10:34) ਅਤੇ ਜੇ ਉਹ ਆਪਣੇ ਸਭ ਲੋਕਾਂ ਨਾਲ ਪਿਆਰ ਕਰਦਾ ਹੈ ਤਾਂ ਪਾਪਾਂ ਲਈ ਤੌਬਾ ਦੀ ਉਹਦੀ ਯੋਜਨਾ ਵਿਚ ਸਭ ਲੋਕ ਸ਼ਾਮਿਲ ਹੋਣੇ ਚਾਹੀਦੇ ਹਨ।

## ਛੁਟਕਾਰਾ ਨਿੱਜੀ ਹੈ

ਪਾਪ ਮੀਰਾਸ ਵਿਚ ਨਹੀਂ ਮਿਲਦਾ, ਨਾ ਇਹ ਛੂਤ ਨਾਲ ਲੱਗਣ ਵਾਲੀ ਚੀਜ਼ ਹੈ। ਹਰ ਪਾਪੀ ''ਆਪਣੀ ਹੀ ਕਾਮਨਾ ਨਾਲ ਲੁਭਾਇਆ ਅਤੇ ਭੁਚਲਾਇਆ ਜਾਂਦਾ ਹੈ'' (ਯਾਕੂਬ 1:14)।[5] ਇਸ ਕਰਕੇ ਪਾਪ ਲਈ ਯਿਸੂ ਦਾ ਪ੍ਰਾਸਚਿਤ ਕਿੰਨਾ ਵੀ ਵਿਆਪਕ ਕਿਉਂ ਨਾ ਹੋਵੇ, ਪਰ ਇਹ ਪ੍ਰਭਾਵੀ ਤਦੇ ਹੁੰਦਾ ਹੈ ਜੇ ਹਰ ਬੰਦਾ ਉਸ ਪ੍ਰਾਸਚਿਤ ਦੇ ਪ੍ਰਬੰਧਾਂ ਨੂੰ ਖ਼ੁਦ ਮੰਨਦਾ ਹੈ। ਜੇ ਪਾਪ ਨਿੱਜੀ ਹੈ ਤਾਂ ਤੌਬਾ ਦੀ ਸ਼ਕਤੀ ਵੀ ਨਿੱਜੀ ਹੀ ਹੋਵੇਗੀ। ਜੇ ਪਾਪ ਨਿੱਜੀ ਹੈ ਤਾਂ ਮੇਲ ਵੀ ਨਿੱਜੀ ਹੀ ਹੋਣਾ ਚਾਹੀਦਾ ਹੈ। ਫਿਰ ਤਾਂ ਜਦ ਤਕ ਕੋਈ ਆਪ ਇਹਨੂੰ ਮੰਨਦਾ ਨਹੀਂ, ਤਦ ਤਕ ਤੌਬਾ ਬੇਕਾਰ ਹੈ। ਆਪਣੇ ਬੱਚਿਆਂ ਦੀ ਤਰਫ਼ੋਂ ਮਾਂ ਬਾਪ ਵੱਲੋਂ ਇਹਨੂੰ ਮੰਨ ਲੈਣਾ ਨਾਮੁਮਕਿਨ ਹੈ ਅਤੇ ਕਿਸੇ ਦੂਜੇ ਦੀ ਥਾਂ ਕਿਸੇ ਮਿੱਤਰ ਵੱਲੋਂ ਬਪਤਿਸਮਾ ਲੈਣਾ[6] ਨਾਮੁਮਕਿਨ ਹੈ। ''ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ ਆਪੋ-ਆਪਣਾ ਲੇਖਾ ਦੇਣਾ ਹੈ'' (ਰੋਮੀਆਂ 14:12)।

## ਛੁਟਕਾਰਾ ਮਸੀਹ 'ਚ ਹੀ ਹੈ

ਪਾਪ ਦੀ ਮਜ਼ਦੂਰੀ ਮੌਤ ਅਤੇ ਖ਼ੁਦਾ ਦੀ ਹਜ਼ੂਰੀ ਵਿੱਚੋਂ ਕੱਢੇ ਜਾਣਾ ਹੈ। ਜੇ ਖ਼ੁਦਾ ਮਨੁੱਖ ਦੀ ਦੁਸ਼ਟਤਾ ਨੂੰ ਅਣਗੌਲਿਆਂ ਕਰਕੇ ਉਹਦੇ ਪਾਪਾਂ ਦੇ ਬਾਵਜੂਦ ਉਹਨੂੰ ਸੁਰਗ ਵਿਚ ਲੈ ਜਾਵੇ ਤਾਂ ਉਹ ਧਰਮੀ ਨਹੀਂ ਠਹਿਰੇਗਾ (ਵਿਵਸਥਾਸਾਰ 32:1-4)। ਫਿਰ ਵੀ ਖ਼ੁਦਾ ਮਨੁੱਖ ਨਾਲ ਪਿਆਰ ਕਰਦਾ ਹੈ ਅਤੇ ਉਹਦੀ ਮੁਕਤੀ ਲਈ *ਤੜਫਦਾ* ਹੈ (ਹਿਜ਼ਕੀਏਲ 33:11; ਯੂਹੰਨਾ 3:16)। ਖ਼ੁਦਾ ਧਰਮੀ ਰਹਿ ਕੇ ਪਾਪੀਆਂ ਨੂੰ ਧਰਮੀ ਕਿਵੇਂ ਬਣਾ ਸਕਦਾ ਸੀ (ਵੇਖੋ ਰੋਮੀਆਂ 3:25ਅ, 26)। ਸੁਰਗ ਦੀ ਮੁਸ਼ਕਿਲ ਇਹੀ ਸੀ।

### ਪੁਰਖਿਆਂ ਦੀ ਸ਼ਰ੍ਹਾ ਨੂੰ ਰੱਖਣਾ ਕਾਫ਼ੀ ਨਹੀਂ ਸੀ

ਖ਼ੁਦਾ ਦੀ ਸ਼ਰ੍ਹਾ ਵਿਚ ਜਾਨਵਰਾਂ ਦੀ ਕੁਰਬਾਨੀ ਦਾ ਹੁਕਮ ਦਿੱਤਾ ਗਿਆ ਸੀ ਅਤੇ ਇਨਸਾਨੀ ਲਹੂ ਵਹਾਉਣ ਜਾਂ ਕਿਸੇ ਤਰ੍ਹਾਂ ਦਾ ਲਹੂ ਖਾਣ ਦੀ ਮਨਾਹੀ ਕੀਤੀ ਗਈ ਸੀ।

ਪੁਰਖਿਆਂ ਨੂੰ ਸੁਰਗ ਦੇ ਰਾਹ 'ਤੇ ਰੱਖਣ ਲਈ ਇਹਦੇ ਨਿਯਮ ਜ਼ਰੂਰੀ ਸਨ। ਜੇ ਇਨ੍ਹਾਂ ਨਿਯਮਾਂ ਨੂੰ ਮੰਨਣ ਨਾਲ ਪਾਪ ਦਾ ਪ੍ਰਾਸਚਿਤ ਹੋ ਗਿਆ ਹੁੰਦਾ ਤਾਂ ਸੁਰਗ ਦੀ ਮੁਸ਼ਕਿਲ ਦਾ ਹੱਲ ਹੋ ਜਾਣਾ ਸੀ ਪਰ ਇਨ੍ਹਾਂ ਵਿਧੀਆਂ ਨਾਲ ਇਨ੍ਹਾਂ ਦਾ ਹੱਲ ਨਹੀਂ ਹੋਇਆ।

**ਮੂਸਾ ਦੀ ਸ਼ਰ੍ਹਾ ਨੂੰ ਮੰਨਣਾ ਨਾਕਾਫ਼ੀ ਸੀ**

ਮੂਸਾ ਦੀ ਸ਼ਰ੍ਹਾ ਨੂੰ ਤੁੱਛ ਜਾਣਨ ਵਾਲੇ (ਵਿਵਸਥਾਸਾਰ 27:26; ਇਬਰਾਨੀਆਂ 10:26, 27) ਅਤੇ ਇਹਨੂੰ ਪੂਰਾ ਨਾ ਕਰਨ ਵਾਲੇ ਲਈ ਸਰਾਪ ਸੀ। ਇਹਨੂੰ ਨਿਸ਼ਕਪਟਤਾ ਨਾਲ ਮੰਨਣ ਵਾਲਿਆਂ (ਲੂਕਾ 1:6; ਫ਼ਿਲਿੱਪੀਆਂ 3:6) ਉੱਤੇ ਵੀ ਪਾਪ ਦੇ ਧੱਬੇ ਰਹਿ ਜਾਂਦੇ ਸਨ ਕਿਉਂਕਿ ਜਾਨਵਰਾਂ ਦੇ ਲਹੂ ਨਾਲ ਇਹ ਮਿਟ ਨਹੀਂ ਸਕਦੇ ਸਨ (ਇਬਰਾਨੀਆਂ 10:4)। ''ਜੇਕਰ ਅਜਿਹੀ ਸ਼ਰ੍ਹਾ ਦਿੱਤੀ ਹੋਈ ਹੁੰਦੀ, ਜਿਹੜੀ ਜ਼ਿੰਦਗੀ ਦੇ ਸਕਦੀ ਤਾਂ ਧਰਮ ਸੱਚੀ ਮੁੱਚੀ ਸ਼ਰ੍ਹਾ ਤੋਂ ਪ੍ਰਾਪਤ ਹੁੰਦਾ'' (ਗਲਾਤੀਆਂ 3:21)।

**ਖ਼ੁਦਾ ਅਤੇ ਮਸੀਹ ਵਿਚ ਵਿਸ਼ਵਾਸ ਰੱਖਣਾ**
**ਅਤੇ ਹੁਕਮ ਮੰਨਣਾ ਨਾਕਾਫ਼ੀ ਹੈ**

ਪਚਾਸੀ ਸਾਲ ਦੇ ਬਜ਼ੁਰਗ ਅਬਰਾਹਾਮ ਵਿਚ ਵਿਸ਼ਵਾਸ ਦਾ ਇਹ ਵੱਡਾ ਕਾਰਣ ਵੇਖਿਆ ਜਾਂਦਾ ਹੈ ਜਿਹਨੇ ਵਿਸ਼ਵਾਸ ਕੀਤਾ ਸੀ ਕਿ ਖ਼ੁਦਾ ਉਹਦੀ ਸੰਤਾਨ ਨੂੰ ਤਾਰਿਆਂ ਵਾਂਗੂ ਵਧਾਵੇਗਾ (ਉਤਪਤ 15:6)। ਅਬਰਾਹਾਮ ਦੇ ਇਸ ਵਿਸ਼ਵਾਸ ਦੀ ਤਾਰੀਫ਼ ਕੀਤੀ ਜਾਂਦੀ ਹੈ ਅਤੇ ਨਵੇਂ ਨੇਮ ਵਿਚ ਸਾਡੇ ਲਈ ਇਹਨੂੰ ਇਕ ਮਿਸਾਲ ਦੇ ਤੌਰ ਤੇ ਠਹਿਰਾਇਆ ਜਾਂਦਾ ਹੈ (ਰੋਮੀਆਂ 4:16-24; ਗਲਾਤੀਆਂ 3:16-29)। ਜੇ ਵਿਸ਼ਵਾਸ ਕਰਨ (ਵੇਖੋ ਯੂਹੰਨਾ 6:29) ਅਤੇ ਹੁਕਮ ਮੰਨਣ ਦੇ ਕੰਮ ਨਾਲ ਪਾਪ ਦਾ ਪ੍ਰਾਸਚਿਤ ਹੋ ਜਾਂਦਾ ਤਾਂ, ਸੁਰਗ ਦੀ ਮੁਸ਼ਕਿਲ ਦਾ ਹੱਲ ਹੋ ਜਾਣਾ ਸੀ। ਸੁਰਗ ਵਿਚ ਜਾਣ ਲਈ (ਪ੍ਰਕਾਸ਼ ਦੀ ਪੋਥੀ 2:10) ਆਗਿਆਕਾਰੀ ਵਿਸ਼ਵਾਸ (ਰੋਮੀਆਂ 1:5) ਪ੍ਰੇਮ ਨਾਲ ਕਾਰਜ ਜ਼ਰੂਰੀ ਹੈ (ਗਲਾਤੀਆਂ 5:6) ਪਰ ਅਸਲ ਵਿਚ ਮਨੁੱਖੀ ਪ੍ਰਾਣੀ ਵੱਲੋਂ ਕੀਤਾ ਗਿਆ ਕੋਈ ਵੀ ਕੰਮ ਉਹਨੂੰ ਧਰਮੀ ਨਹੀਂ ਬਣਾ ਸਕਦਾ। ਜਿੰਨਾ ਜ਼ਰੂਰੀ ਖ਼ੁਦਾ ਦਦਾ ਹੁਕਮ ਮੰਨਣਾ ਹੈ ਓਨਾ ਹੀ ਜ਼ਰੂਰੀ ਇਹ ਹੈ ਕਿ ਮਨੁੱਖ ਦੀ ਆਗਿਆਕਾਰਤਾ ਸੁਰਗ ਦੀ ਮੁਸ਼ਕਿਲ ਦਾ ਹੱਲ ਨਹੀਂ ਸੀ।

**ਭਲੇ ਕੰਮ ਕਰਨਾ ਨਾਕਾਫ਼ੀ ਹੈ**

ਭਲੇ ਕੰਮਾਂ ਦਾ ਖ਼ੁਦਾ ਦੀ ਨਜ਼ਰ ਵਿਚ ਅਹਿਮੀਅਤ ਹੈ ਅਤੇ ਇਹ ਜ਼ਰੂਰੀ ਹਨ (ਮੱਤੀ 25:31-46), ਪਰ ਇਹ ਮਨੁੱਖ ਦੇ ਪਾਪਾਂ ਲਈ ਤੌਬਾ ਨਹੀਂ ਹੋ ਸਕਦੇ ਹਨ। ਪਿਤਾ ਜਿਹਨੇ ਆਪਣੇ ਪੁੱਤਰ ਦੀ ਹਰ ਵਾਰ ਹੁਕਮ ਤੋੜਣ 'ਤੇ ਦਰਵਾਜ਼ੇ ਵਿਚ ਕਿੱਲ ਗੱਡੇ ਹੋਏ ਸਨ, ਜਿੰਨੀ ਵਾਰ ਉਸ ਪੁੱਤਰ ਨੇ ਹੁਕਮ ਮੰਨਿਆ ਓਨੀ ਹੀ ਵਾਰੀ ਉਹਨੇ ਇਕ-ਇਕ ਕਿੱਲ ਕੱਢ ਦਿੱਤਾ, ਜਿਸ ਨਾਲ ਹਾਲੇ ਵੀ ਇਕ ਬੁਰਾ ਦ੍ਰਿਸ਼ ਸੀ: ਦਰਵਾਜ਼ੇ ਵਿਚ ਛੇਕ ਪੈ ਗਏ ਸਨ। ਹੁਕਮ ਮੰਨਣਾ ਜ਼ਰੂਰੀ ਹੈ ਪਰ ਹੁਕਮ ਨਾ ਮੰਨਣ ਦੇ ਦਾਗ ਨੂੰ ਦੂਰ ਨਹੀਂ ਕਰ ਦਿੰਦਾ। ਇਕ *ਵੇਸਵਾ* ਆਪਣੇ ਗੁਆਂਢੀਆਂ ਦੀ ਲੋੜ ਲਈ ਬੇਸ਼ੱਕ ਚੰਗੀ ਹੋ ਸਕਦੀ ਹੈ, ਪਰ ਉਹਦਾ ਦੋਸ਼ ਤਾਂ ਕਾਇਮ ਹੀ ਰਹਿੰਦਾ ਹੈ। ਇਕ ਚੋਰ ਗ਼ਰੀਬਾਂ ਵਿਚ ਦੌਲਤ ਵੰਡਣ ਦੇ ਬਾਵਜੂਦ ਚੋਰ ਹੀ ਰਹਿੰਦਾ ਹੈ। ਆਪਣੇ ਕੁਧਰਮ ਨੂੰ ਦੂਰ ਕਰਨ ਲਈ ਵਧੇਰੇ ਦੁਆ ਕਰਨ ਵਾਲਾ ਬੰਦਾ ਗ਼ਲਤ ਤਰੀਕਾ ਵਰਤ ਰਿਹਾ

ਹੈ। ਪਾਪੀਆਂ ਨੂੰ ਮੁਕਤੀ ਜਮ੍ਹਾ-ਘਟਾਓ ਦੇ ਤਰੀਕੇ ਨਾਲ ਨਹੀਂ ਮਿਲ ਸਕਦੀ। ਸੁਰਗ ਦੀ (ਅਤੇ ਸੰਸਾਰ ਦੀ) ਸੱਭ ਤੋਂ ਵੱਡੀ ਮੁਸ਼ਕਿਲ ਦਾ ਹੱਲ ਇਹ ਨਹੀਂ ਹੈ।

**ਧਰਮ ਦਾ ਬਦਲਣਾ ਨਾਮੁਮਕਿਨ ਹੈ**

ਕੁਝ ਲੋਕਾਂ ਦਾ ਖ਼ਿਆਲ ਹੈ ਕਿ ਮਨੁੱਖ ਦੀ ਨਿਰਾਸ਼ਾ, ਸਜ਼ਾ ਦੀ ਹਾਲਤ ਲਈ ਖ਼ੁਦਾ ਨੇ ਜੋ ਹੱਲ ਦਿੱਤਾ ਹੈ, ਉਹ ਮਸੀਹ ਦੀ ਧਾਰਮਿਕਤਾ ਨੂੰ ਮਨੁੱਖੀ ਜੀਵਾਂ ਦੇ ਨਾਂ ਕਰਨਾ ਸੀ। ਜੇ ਇਹ ਹੋ ਸਕਦਾ ਹੁੰਦਾ ਤਾਂ ਮਸੀਹ ਨੂੰ ਕਦੇ ਸੁਰਗ ਛੱਡਣ ਦੀ ਲੋੜ ਨਹੀਂ ਸੀ, ਕਿਉਂਕਿ ਉਹ ਤਾਂ ਧਰਤੀ 'ਤੇ ਆਉਣ ਤੋਂ ਪਹਿਲਾਂ ਵੀ ਧਰਮੀ ਸੀ।

ਬੇਸ਼ੱਕ ਮਸੀਹ ਦੇ ਕਾਰਣ ਅਸੀਂ ਧਰਮੀ ਠਹਿਰਦੇ ਹਾਂ (ਯਿਰਮਿਯਾਹ 23:6; 1 ਕੁਰਿੰਥੀਆਂ 1:30), ਉਸ ਵਿਚ ਧਰਮੀ ਬਣਾਏ ਜਾਂਦੇ ਹਾਂ (2 ਕੁਰਿੰਥੀਆਂ 5:21), ਪਰ ਧਾਰਮਿਕਤਾ ਇਕ ਬੰਦੇ ਤੋਂ ਦੂਜੇ ਦੇ ਨਾਂਅ ਤਬਦੀਲ ਨਹੀਂ ਹੁੰਦੀ। ਮਸੀਹ ਦੇ ਪ੍ਰਾਸਚਿਤ ਦੇ ਬਗ਼ੈਰ ਅਸੀਂ ਧਰਮੀ ਨਹੀਂ ਠਹਿਰਾਏ ਜਾ ਸਕਦੇ, ਪਰ ਨਾ ਤਾਂ ਲਿਖਤ ਅਤੇ ਨਾ ਹੀ ਤਰਕ ਸੁਝਾਅ ਦਿੰਦਾ ਹੈ ਕਿ ਯਿਸੂ ਦਾ ਧਰਮੀ ਹੋਣਾ ਸਾਨੂੰ ਵੀ ਧਰਮੀ ਠਹਿਰਾਉਂਦਾ ਹੈ।

ਧਾਰਮਿਕਤਾ ਅਰਥਾਤ ਧਰਮੀ ਹੋਣ ਦਾ ਗੁਣ, ਅਜਿਹੀ ਹਾਲਤ ਹੈ ਜੋ ਕਿਸੇ ਦੂਜੇ ਦੀ ਹਾਲਤ ਕਾਰਣ ਪਾਪ ਉੱਤੇ ਥੋਪੀ ਨਹੀਂ ਜਾਂਦੀ ਬਲਕਿ ਖ਼ੁਦਾ ਵੱਲੋਂ ਮਿਲਦੀ ਹੈ। ਜੇ ਮੰਨ ਲਿਆ ਜਾਵੇ ਕਿ ਇਕ ਆਦਮੀ ਦੀ ਧਾਰਮਿਕਤਾ ਦੂਜੇ ਦੇ ਨਾਂ ਹੋ ਜਾਂਦੀ ਹੈ ਤਾਂ ਯਕੀਨਨ ਹੀ ਖ਼ੁਦਾ ਨੇ ਆਪਣੇ ਪੁੱਤਰ ਨੂੰ ਬਚਾਉਣ ਲਈ ਇਸ ਤੇ ਵਿਚਾਰ ਕੀਤਾ ਹੋਵੇਗਾ। ਜਿਵੇਂ ਆਦਮ ਦਾ ਪਾਪ ਮੀਰਾਸ ਵਿਚ ਨਹੀਂ ਮਿਲਦਾ, ਉਵੇਂ ਹੀ ਮਸੀਹ ਦੀ ਧਾਰਮਿਕਤਾ ਨਾਲ ਕੋਈ ਧਰਮੀ ਨਹੀਂ ਬਣ ਸਕਦਾ। ਸੁਰਗ ਦੇ ਹੱਲ ਲਈ ਕੁਝ ਹੋਰ ਹੀ ਜ਼ਰੂਰੀ ਹੈ।

**ਬਦਲ ਦੇ ਰੂਪ ਵਿਚ ਮਸੀਹ ਨੂੰ ਭੇਜਣਾ ਹੀ ਇੱਕੋ-ਇਕ ਹੱਲ ਸੀ**

ਸੁਰਗ ਦੀ ਸਭਾ ਵਿਚ ਸੰਸਾਰ ਦੇ ਅਰੰਭ ਤੋਂ ਪਹਿਲੇ (ਵੇਖੋ 1 ਪਤਰਸ 1:20; ਪ੍ਰਕਾਸ਼ ਦੀ ਪੋਥੀ 13:8) ਮਨੁੱਖ ਦੇ ਪਾਪਾਂ ਨੂੰ ਦੂਰ ਕਰ ਲਈ ਕਿਸੇ ਵੀ ਯੁੱਗ ਵਿਚ ਜਾਨਵਰਾਂ ਦੀਆਂ ਕੁਰਬਾਨੀਆਂ ਨੂੰ ਨਾਕਾਫ਼ੀ ਠਹਿਰਾਇਆ ਗਿਆ ਸੀ। ਖ਼ੁਦਾ ਦਾ ਇਕਲੌਤਾ ਪੁੱਤਰ ਆਪਣੀ ਮਰਜ਼ੀ ਨਾਲ ਮਨੁੱਖ ਬਣਿਆ ਤਾਂ ਜੋ ਉਹ ਕੁਰਬਾਨੀ ਭਰੇ, ਬਦਲ ਦੇ ਤੌਰ ਤੇ ਮਰ ਸਕੇ (ਇਬਰਾਨੀਆਂ 10:1-10)। ਉਹਨੇ ਆਪਣੇ ਪਿਤਾ ਨੂੰ ਕਿਹਾ, ''ਵੇਖ ਮੈਂ ਆ ਗਿਆ ਹਾਂ ... ਕਿ ਤੇਰੀ ਇੱਛਾ ਪੂਰੀ ਕਰਾਂ'' (ਆਇਤ 7)। ਪਿਤਾ ਨੇ ਸਮਝਾਇਆ ਸੀ ਕਿ ਉਹਨੂੰ ਕੋਈ ਮਜਬੂਰ ਨਹੀਂ ਕਰਦਾ ਅਤੇ ਧਰਤੀ ਤੇ ਪਹੁੰਚਣ ਤੋਂ ਬਾਅਦ ਉਹ ਆਪਣਾ ਮਨ ਬਦਲ ਲਵੇ ਤਾਂ ਉਹਨੂੰ ਭਿਅੰਕਰ ਅਨੁਭਵ ਵਿੱਚੋਂ ਦੀ ਨਹੀਂ ਲੰਘਣਾ ਪੈਂਦਾ। ਧਰਤੀ 'ਤੇ ਰਹਿੰਦਿਆਂ ਯਿਸੂ ਨੇ ਪਿਤਾ ਦੇ ਆਪਣੇ ਪੁੱਤਰ ਨਾਲ ਵਾਅਦੇ ਨੂੰ ਯਾਦ ਕੀਤਾ ਸੀ (ਯੂਹੰਨਾ 10:17, 18)।

ਯਿਸੂ ਸਾਡੇ ਵਾਂਗ ਹੀ ਮਨੁੱਖ ਸੀ। ਅਸੀਂ ਉਹਨੂੰ ਸਲੀਬ ਦੇ ਡਰ ਨਾਲ ਜੋੜ ਸਕਦੇ ਹਾਂ ਅਤੇ ਵੇਖ ਸਕਦੇ ਹਾਂ ਕਿ ਉਹਨੇ ਉਸ ਨਗਰ ਵਿਚ ਜਾਣ ਦਾ ''ਕਿਉਂ ਧਾਰਿਆ ਸੀ'' ਜਿੱਥੇ ਉਹਨੇ ਮਾਰੇ ਜਾਣਾ ਸੀ (ਲੂਕਾ 9:51; 13:33)। ਅਸੀਂ ਸਮਝ ਸਕਦੇ ਹਾਂ ਕਿ ਜਦ ਪਤਰਸ ਨੇ ਬਹਿਸ ਕੀਤੀ ਕਿ ਉਹਨੂੰ ਮਰਨਾ ਨਹੀਂ ਚਾਹੀਦਾ ਅਤੇ ਮੌਤ ਤੋਂ ਬਚਣ ਲਈ ਉਹਨੂੰ ਅਜ਼ਮਾਇਸ਼ ਵਿਚ ਪਾਇਆ ਗਿਆ ਤਾਂ ਯਿਸੂ ਨੇ ਉਹਨੂੰ ''ਸ਼ੈਤਾਨ'' ਕਿਉਂ ਆਖਿਆ (ਮੱਤੀ

16:21-23)। ਉਹਦੇ ਪਰੇਸ਼ਾਨ ਹੋਣ ਸਮੇਂ ਅਸੀਂ ਸਲੀਬ ਤੋਂ ਉਹਦੇ ਡਰ ਨਾਲ ਹਮਦਰਦੀ ਕਰ ਸਕਦੇ ਹਾਂ। ਫਿਰ ਵੀ ਅਸੀਂ ਖੁਸ਼ ਹੁੰਦੇ ਹਾਂ ਕਿ ਇਹ ਕਹਿਣ ਦੀ ਬਜਾਏ ਕਿ ''ਹੇ ਪਿਤਾ ਮੈਨੂੰ ਇਸ ਘੜੀ ਤੋਂ ਬਚਾ'' ਕਹਿ ਕੇ ਯਿਸੂ ਨੇ ਆਪਣੇ ਆਪ ਨੂੰ ਇਹ ਕਹਿਣ ਲਈ ਅਨੁਸ਼ਾਸਤ ਕੀਤਾ ਕਿ ''ਮੈਂ ਇਸੇ ਕਾਰਣ ਇਸ ਘੜੀ 'ਤੇ ਪਹੁੰਚਿਆ ਹਾਂ'' (ਯੂਹੰਨਾ 12:27)।

ਗਤਸਮਨੀ ਵਿਚ ਹੋਈ ਅਜ਼ਮਾਇਸ਼ *ਵਿਚ,* ਯਿਸੂ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਮਰਨ ਤੋਂ ਬਚ ਸਕਦਾ ਹੈ। ਉਹ ਇਹ ਵੀ ਜਾਣਦਾ ਸੀ ਕਿ ਉਹ ਆਪਣੇ ਆਪ ਨੂੰ ਛੁਡਾਉਣ ਲਈ ਫ਼ਰਿਸ਼ਤਿਆਂ ਦੀਆਂ ਫ਼ੌਜਾਂ ਬੁਲਾ ਸਕਦਾ ਹੈ (ਵੇਖੋ ਮੱਤੀ 26:53)। ਪਰ ਉਹਨੇ ਆਪਣੀ ਇੱਛਾ ਨਾਲ ਸਲੀਬ ਤੋਂ ਇਨਕਾਰ ਨਹੀਂ ਕਰਨਾ ਸੀ। ਉਹਨੇ ਸੰਜੀਦਾ ਹੋ ਕੇ ਸਲੀਬ ਦੇ ਸੰਤਾਪ ਅਤੇ ਜ਼ਲਾਲਤ ਤੋਂ ਬਚਣ ਦੀ ਇੱਛਾ ਕੀਤੀ ਸੀ। ਉਹਨੇ ਸਲੀਬ ਤੋਂ ਬਚਣ ਲਈ ਇਵੇਂ ਦੁਆ ਕੀਤੀ ਸੀ ਕਿ ਉਹਦਾ ਪਸੀਨਾ ਲਹੂ ਦੀਆਂ ਬੂੰਦਾਂ ਵਾਂਗ ਹੇਠਾਂ ਡਿਗਦਾ ਸੀ। ਜੇ ਪਿਤਾ ਸੰਸਾਰ ਦੇ ਪਾਪਾਂ ਦੇ ਪ੍ਰਾਸਚਿਤ ਲਈ ਕੋਈ ਹੋਰ ਢੰਗ ਸੋਚ ਸਕਦਾ, ਤਾਂ ਯਿਸੂ ਚਾਹੁੰਦਾ ਸੀ ਕਿ ਕਲਵਰੀ ਦਾ ਸੰਤਾਪ ਉਸ ਤੋਂ ਟਲ ਜਾਵੇ।

ਬੁੱਧ ਦੇ ਆਪਣੇ ਭੰਡਾਰਾਂ ਦੀ ਤਹਿ ਵਿਚ ਵੀ ਸਭ ਤੋਂ ਸਮਝਦਾਰ ਖ਼ੁਦਾ ਨੂੰ ਕੋਈ ਅਜਿਹੀ ਯੋਜਨਾ ਨਹੀਂ ਮਿਲੀ ਸੀ ਜੋ ਕਾਫ਼ੀ ਹੁੰਦੀ। ਕੋਈ ਵੀ ਦੂਜੀ ਯੋਜਨਾ ਸੁਰਗ ਦੀ *ਸੱਤਾ* ਅਤੇ ਨਿਆਂ ਦੇ ਪਿਤਾ ਦੇ ਮਾਪਦੰਡ 'ਤੇ ਸਹੀ-ਸਹੀ ਉੱਤਰਣੀ ਸੀ। ਖ਼ੁਦਾ ਦੇ ਧਰਮੀ ਰਹਿਣ ਅਤੇ ਪਾਪੀਆਂ ਨੂੰ ਧਰਮੀ ਠਹਿਰਾਉਣ ਲਈ ਖ਼ੁਦਾ ਕੋਲ ਇਹੀ ਉਪਾਅ ਸੀ ਕਿ ਸੰਸਾਰ ਦੇ ਪਾਪਾਂ ਦਾ ਭਾਰ ਯਿਸੂ ਤੇ ਲੱਦਿਆ ਹੋਇਆ ਵੇਖੇ। ਸਿਰਫ਼ ਤਦੇ ਪਾਪੀਆਂ ਨੂੰ ਦੋਸ਼ ਤੋਂ ਛੁਡਾ ਕੇ ਪਿਤਾ ਸਨਮਾਨਤ ਮਹਿਸੂਸ ਕਰ ਸਕਦਾ ਸੀ (ਰੋਮੀਆਂ 3:23-26)। ਕਲਵਰੀ 'ਤੇ ਕਿਰਪਾ ਅਤੇ ਸੱਚਾਈ ਆਪਸ ਵਿਚ ਮਿਲ ਗਈਆਂ ਜਦਕਿ ਧਰਮ ਅਤੇ ਮੇਲ ਨੇ ਇਕ ਦੂਜੇ ਨੂੰ ਚੁੰਮਿਆ ਸੀ (ਵੇਖੋ ਜ਼ਬੂਰ 85:10)।

## ਸਾਰ

ਕਿੰਨੇ ਖੁਸ਼ਕਿਸਮਤ ਹਾਂ ਅਸੀਂ! ਖ਼ੁਦਾ ਜਦ ਛੁਟਕਾਰੇ ਦੀ ਆਪਣੀ ਯੋਜਨਾ ਨੂੰ ਖੋਲ੍ਹ ਰਿਹਾ ਸੀ ਤਾਂ ਫ਼ਰਿਸ਼ਤੇ, ਨਬੀ ਅਤੇ ਧਰਮੀ ਲੋਕ ਉਤਸੁਕਤਾ ਨਾਲ ਵੇਖ ਰਹੇ ਸਨ ਕਿ ਕੀ ਹੋਵੇਗਾ। ਠਹਿਰਾਏ ਗਏ ਸਮੇਂ ਤਕ ਕਿਸੇ ਅੱਖ ਨੇ ਉਹਨੂੰ ਨਾ ਵੇਖਿਆ, ਕਿਸੇ ਕੰਨ ਨੇ ਉਹਨੂੰ ਨਾ ਸੁਣਿਆ ਅਤੇ ਕਿਸੇ ਮਨ ਨੇ ਉਸ ਦੁੱਖ ਅਤੇ ਪ੍ਰਾਸਚਿਤ ਦੇ ਉਸ ਢੰਗ ਦੀ ਕਲਪਨਾ ਨਹੀਂ ਕੀਤੀ ਸੀ। ਕੋਈ ਵੀ ਆਉਣ ਵਾਲੀ ਉਸ ਵਡਿਆਈ ਨੂੰ ਜਾਣ ਨਹੀਂ ਸਕਿਆ ਸੀ, ਪਰ ਜੋ ਕਿਸੇ ਵਕਤ ਭੇਤ ਸੀ, ਹੁਣ ਪਰਗਟ ਹੋ ਚੁੱਕਾ ਹੈ। ਫ਼ਰਿਸ਼ਤੇ ਅਤੇ ਇਨਸਾਨ ਦੋਵੇਂ ਹੀ ਯਿਸੂ ਦੇ ਪ੍ਰਾਸਚਿਤ ਦੇ ਰਾਹੀਂ ਪਾਪੀਆਂ ਦੀ ਜਮਾਤ ਨੂੰ ਸ਼ੁੱਧ ਆਤਮਾਵਾਂ ਦੀ ਕਲੀਸੀਆ ਬਣਨ ਲਈ ਬੁਲਾਉਂਦੇ ਹੋਏ ਵੇਖ ਕੇ ਖ਼ੁਦਾ ਦੀ ਮੁਕਾਸ਼ਫ਼ੇ ਦੀ ਬੁੱਧ ਨੂੰ ਵੇਖ ਸਕਦੇ ਹਨ। ਧਰਮ ਦਾ ਹਰ ਗੱਲ ਪੁਰਾਣੀ ਹੋਵੇ ਜਾਂ ਨਵੀਂ ਸਲੀਬ ਨਾਲ ਜੁੜੀ ਹੋਈ ਹੈ। ਜਦ ਖ਼ੁਦਾ ਨੇ ਆਪਣੀ ਯੋਜਨਾ ਨੂੰ ਪੂਰਾ ਕੀਤਾ ਸੀ ਤਾਂ ਉਹ ਕੁਝ ਵੀ *ਭੁੱਲਾ* ਨਹੀਂ ਸੀ। ਕੁਝ ਵੀ ਛੁੱਟਿਆ ਨਹੀਂ ਸੀ ਜਦ ਖ਼ੁਦਾ ਦੇ ਫ਼ਰਿਸ਼ਤੇ ਨੇ ਯਿਸੂ ਅਤੇ ਉਹਨੂੰ ਸਲੀਬ ਦੇਣ ਦੀ ਗੱਲ ਦੇ ਸਿਵਾਏ ਕੁਝ ਹੋਰ ਨਾ ਜਾਣਨ ਦਾ ਤਹੱਈਆ ਕੀਤਾ ਹੋਇਆ ਸੀ (ਵੇਖੋ 1 ਕੁਰਿੰਥੀਆਂ 2:2)।

ਉਹ ਪ੍ਰੇਮ ਜਿਹਨੇ ਖ਼ੁਦਾ ਨੂੰ ਯੋਜਨਾ ਬਣਾਉਣ ਲਈ ਪ੍ਰੇਰਿਤ ਕੀਤਾ ਸੀ ਉਹ ਦਲੇਰੀ ਜਿਹਨੇ

ਇਹਨੂੰ ਅੰਜਾਮ ਦਿੱਤਾ ਸੀ ਕਿੰਨੇ ਰੋਮਾਂਚ ਭਰੇ ਅਤੇ ਦਿਲ ਟੁੰਬਵੇਂ ਹਨ। ਉਹਦੀ ਕਿਰਪਾ ਨੇ ਪਾਪਾਂ ਲਈ ਇਕ ਖ਼ੁਦਾਈ ਢੱਕਣ ਮੁਹੱਈਆ ਕਰਵਾਇਆ ਸੀ। ਕਿੰਨਾ ਭਰੋਸੇਯੋਗ ਹੈ ਉਹ ਸ਼ਖ਼ਸ ਜੋ ਆਪਣੇ ਪਾਪੀ ਹੋਣ ਤੋਂ ਅਨਜਾਣ ਹੈ ਅਤੇ ਜੋ ਤੌਬਾ ਦੀ ਉਸ ਪ੍ਰਣਾਲੀ ਦੀ ਵਡਿਆਈ ਨੂੰ ਬੇਵਕੂਫ਼ੀ ਨਾਲ ਲੱਤ ਮਾਰ ਦਿੰਦਾ ਹੈ।

ਟਿੱਪਣੀਆਂ

[1]ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ ''Atone'' ਮੱਧ ਅੰਗ੍ਰੇਜ਼ੀ ਸ਼ਬਦ ''attone,'' ''atton,'' ''aton,'' ਤੋਂ ਨਿੱਕਲਿਆ ਹੈ ਜਿਹਦਾ ਅਰਥ ਹੈ ''ਇਕ, ਸਹਿਮਤ।'' [2]*Katallage.* [3]*Kippurim.* [4]*Hata'* ਅਤੇ *hamartano.* [5]ਖ਼ੁਦਾ ਨੇ ਮਨੁੱਖ ਨੂੰ ਦੋ ਸੁਭਾਅ ਦੇ ਕੇ ਬਣਾਇਆ: (1) ਉਹਦਾ ਇਕ ਅੰਦਰੂਨੀ ਮਨੁੱਖ ਹੈ ਜੋ ਆਪਣੇ ਮਨ ਦੀ ਸ਼ਰ੍ਹਾ ਪਿੱਛੇ ਚੱਲਦਾ ਹੈ (ਰੋਮੀਆਂ 7:23, 24)। ਜੋ ਖ਼ੁਦਾ ਦੀ ਸ਼ਰ੍ਹਾ ਤੋਂ ਆਨੰਦਿਤ ਹੁੰਦਾ ਹੈ ਅਤੇ ਜੋ ਸੁਭਾਅ ਤੋਂ ਹੀ ਆਪਣੇ ਆਪ ਨੈਤਿਕ ਮਾਮਲਿਆਂ ਵਿਚ ਸਹੀ ਦਾ ਫ਼ੈਸਲਾ ਕਰ ਸਕਦਾ ਹੈ (ਲੂਕਾ 12:57; ਰੋਮੀਆਂ 2:14; 1 ਕੁਰਿੰਥੀਆਂ 11:14)। (2) ਉਹਦਾ ਇਕ ਬਾਹਰੀ ਮਨੁੱਖ ਹੈ (ਰੋਮੀਆਂ 7:25) ਜਿਹਦਾ ਧਰਮ ਜਾਨਵਰਾਂ ਤੋਂ ਵਧ ਕੇ ਨਹੀਂ ਅਤੇ ਉਹ ਆਪਣੇ ਆਪ ਨੂੰ ਸੰਤੁਸ਼ਟ ਕਰਨ ਤੋਂ ਇਲਾਵਾ ਕੁਝ ਨਹੀਂ ਜਾਣਦਾ। ਇਹ ਖ਼ੁਦਾ ਦੀ ਸ਼ਰ੍ਹਾ ਦੇ ਅਧੀਨ ਨਹੀਂ ਹੈ (ਰੋਮੀਆਂ 8:7) ਅਤੇ ਹੋ ਵੀ ਨਹੀਂ ਸਕਦਾ ਕਿਉਂਕਿ ਪਾਪ ਕੋਲ ਕੋਈ ਤਰਕ ਨਹੀਂ ਹੈ। ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਕਿਸੇ ਵੀ ਤਰ੍ਹਾਂ ਦੀ ਨੈਤਿਕ ਭਲਾਈ ਜਾਂ ਨੈਤਿਕ ਬੁਰਾਈ ਦੇਹ ਵਿਚ ਵਾਸ ਕਰ ਸਕਦੀ ਹੈ (ਰੋਮੀਆਂ 7:8)। ਕੁਦਰਤ ਵੱਲੋਂ ਹੀ ਉਹਨੂੰ ਆਪਣੇ ਆਪ ਤੋਂ ਛੱਡ ਦਿੱਤਾ ਗਿਆ ਹੈ। ਪਾਪ ਆਪਣੀ ਹੀ ਸੰਤੁਸ਼ਟੀ ਲੱਭੇਗਾ (ਅਫ਼ਸੀਆਂ 2:3)। ਮਨੁੱਖ ਦੀ ਦੇਹ ਦਾ ਭਾਗ ਆਪਣੇ ਆਪ ਵਿਚ ਪਾਪੀ ਨਹੀਂ ਹੈ। ਇਹ ਅਨੈਤਿਕ ਨਹੀਂ ਹੈ। ਪਰ ਸਦਾਚਾਰ ਨਿਰਪੱਖ ਹੈ; ਇਹਨੂੰ ਪਤਾ ਨਹੀਂ ਕਿ ਸਦਾਚਾਰ ਕੀ ਹੈ। ਜੇ ਇਹਨੂੰ ਅਗਵਾਈ ਕਰਨ ਦਿੱਤੀ ਜਾਵੇ ਤਾਂ ਇਹ ਅਨੈਤਿਕਤਾ ਵੱਲ ਲੈ ਕੇ ਜਾਂਦਾ ਹੈ ਪਰ ਇਹਨੂੰ ਪਾਪ ਨਾਲ ਜੋੜ ਕੇ ਨਹੀਂ ਬਣਾਇਆ ਗਿਆ ਸੀ। ਜੋ ਕੁਝ ਵੀ ਖ਼ੁਦਾ ਨੇ ਬਣਾਇਆ ਸੀ ਉਹ ਸਭ ਚੰਗਾ ਸੀ। ਸਾਡੇ ਮਾਤਾ-ਪਿਤਾ ਸਾਨੂੰ ਪਾਪ ਦੇ ਸੰਸਾਰ ਵਿਚ ਲੈ ਜਾਂਦੇ ਹਨ (ਜ਼ਬੂਰ 51:5)। ਸਾਡੇ ਮਾਤਾ-ਪਿਤਾ ਸਾਨੂੰ ਉਸ ਦੇਸ਼ ਵਿਚ ਜਨਮ ਦਿੰਦੇ ਹਨ ਜਿੱਥੇ ਪੰਜਾਬੀ ਜਾਂ ਅੰਗ੍ਰੇਜ਼ੀ ਜਾਂ ਹੋਰ ਭਾਸ਼ਾ ਬੋਲੀ ਜਾਂਦੀ ਹੈ ਪਰ ਭਾਸ਼ਾ ਸਾਨੂੰ ਸਿੱਖਣੀ ਪੈਂਦੀ ਹੈ। ਇਸੇ ਤਰ੍ਹਾਂ ਮਨੁੱਖ ਪਾਪ ਕਰਨਾ ਸਿੱਖਦਾ ਹੈ (ਵੇਖੋ ਰਸੂਲਾਂ ਦੇ ਕੰਮ 2:8)। ਜ਼ਬੂਰ 58:3 ਵਾਂਗ ਜ਼ਬੂਰ 51:5 ਇਕ ਸਪੱਸ਼ਟ ਕਾਵਿ ਭਾਸ਼ਾ ਹੈ: ਅਸੀਂ ਜਨਮ ਲੈਂਦਿਆਂ ਹੀ ਬੋਲਣ ਨਹੀਂ ਲੱਗ ਪੈਂਦੇ, ਨਾ ਹੀ ਇੰਨੀ ਛੇਤੀ ਰਾਹ ਤੋਂ ਭਟਕਦੇ ਹਾਂ; ਸੱਚ ਤਾਂ ਇਹ ਹੈ ਕਿ ਜਨਮ ਲੈਂਦਿਆਂ ਹੀ ਅਸੀਂ ਭੱਜਦੇ ਨਹੀਂ ਹਾਂ। ਸਹੀ ਅਤੇ ਗ਼ਲਤ ਦੀ ਪਛਾਣ ਕਰਨਾ ਸਿੱਖ ਕੇ ਅਸੀਂ ਭੱਜਦੇ ਹਾਂ। ਫਿਰ ਅਸੀਂ ਆਦਮ ਦੇ ਨਹੀਂ ਬਲਕਿ ਆਪਣੇ ਪਾਪ ਕਾਰਣ ਖ਼ੁਦਾ ਤੋਂ ਅੱਡ ਹੋ ਜਾਂਦੇ ਹਾਂ (ਯਸਾਯਾਹ 59:1, 2)। ਇਹ ਨਹੀਂ ਹੋ ਸਕਦਾ ਕਿ ਦਾਖਾਂ ਸਾਡੇ ਵੱਡਿਆਂ ਨੇ ਖਾਧੀਆਂ ਹੋਣ ਪਰ ਦੰਦ ਸਾਡੇ ਖੱਟੇ ਹੋਣ (ਹਿਜ਼ਕੀਏਲ 18:2, 3)। ਸਾਨੂੰ ਆਪਣੇ ਪੁਰਖਿਆਂ ਦੀਆਂ ਬਹੁਤ ਸਾਰੀਆਂ ਮਾੜੀਆਂ ਗੱਲਾਂ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ (ਕੂਚ 20:5), ਪਰ ਅਸੀਂ ਕਦੇ ਵੀ ਉਨ੍ਹਾਂ ਦੇ ਦੋਸ਼ੀ ਨਹੀਂ ਹੋਵਾਂਗੇ (ਵਿਵਸਥਾਸਾਰ 24:16)। ਜਦ ਤਕ ਪਾਪ ਸਾਡੇ ਵਿਚ ਨਹੀਂ ਪਾਇਆ ਗਿਆ ਤਦ ਤਕ ਅਸੀਂ ਸੰਪੂਰਣ ਜਾਂ ਕਾਮਿਲ ਅਤੇ ਸਿੱਧ ਸਾਂ (ਹਿਜ਼ਕੀਏਲ 28:15)। ਖ਼ੁਦਾ ਸਾਡੇ ਸਭ ਦੇ ਅੰਦਰ ਆਤਮਾ ਰਚਣ ਵਾਲਾ ਹੈ, ਪਾਪੀ ਨਹੀਂ ਬਣਾਉਂਦਾ (ਜ਼ਕਰਯਾਹ 12:1)। ਉਹ ਸਾਨੂੰ ਇਸ ਤਰ੍ਹਾਂ ਬਣਾਉਂਦਾ ਹੈ ਕਿ ਸ਼ੁਰੂ ਵਿਚ ਅਸੀਂ ਯਿਸੂ ਦੇ ਮੁਤਾਬਕ, ਸੁਰਗ ਦੇ ਯੋਗ ਹੁੰਦੇ ਹਾਂ (ਵੇਖੋ ਮੱਤੀ 19:14)। ਰੋਮੀਆਂ 5:12 ਵਿਚ ਉਨ੍ਹਾਂ ਦੀ ਜੋ ਬਿਨਾਂ ਦਿਮਾਗ ਦੀ ਵਰਤੋਂ ਦੇ ਜਾਂ ਜੋ ਆਪਣੇ ਸੱਜੇ ਜਾਂ ਖੱਬੇ ਹੱਥ ਵਿਚ ਫ਼ਰਕ ਨੂੰ ਵੀ ਨਹੀਂ ਜਾਣਨ ਦੀ ਗੱਲ ਨਹੀਂ ਕੀਤੀ ਗਈ, ਬਲਕਿ ਇੱਥੇ ਉਨ੍ਹਾਂ ਦੀ ਗੱਲ ਕੀਤੀ ਗਈ ਹੈ ਜਿਨ੍ਹਾਂ ਨੇ ਆਪ ਪਾਪ ਕੀਤਾ ਹੈ (ਰੋਮੀਆਂ 3:9)। [6]''ਮੇਰਾ ਖ਼ਿਆਲ ਹੈ ਕਿ 1 ਕੁਰਿੰਥੀਆਂ 15:29 ਦੀ ਸਭ ਤੋਂ ਸਹੀ ਵਿਆਖਿਆ ਨਵੇਂ ਨੇਮ ਦੀ ਸੰਪੂਰਣ ਸਿੱਖਿਆ ਅਤੇ ਆਪਣੇ ਸੰਦਰਭ ਦੇ ਖ਼ਿਆਲ ਵਿਚ'' ਮਰੇ ਹੋਇਆਂ ਦੇ [ਜੀ ਉੱਠਣ ਲਈ] ਬਪਤਿਸਮਾ ਹੈ।